AQA

General Certificate of Secondary Education
Foundation Tier
June 2011

# Panjabi

# 46801FT

## F

**Unit 1 Listening Test Transcript**

**Tuesday 24 May 2011 1.30 pm to 2.05 pm approximately (including reading time)**

| FOR INVIGILATOR'S USE ONLY |
|---|

**Time allowed**
- 30 minutes + 5 minutes reading time before the test

- **The pauses are pre-recorded for this test.**

This is what you should do for each item.
- After the question number is announced, there will be a pause to allow you to read the instructions and questions.
- Listen carefully to the recording and read the questions again.
- Listen to the recording again and then answer the questions.
- When the next question is about to start you will hear a bleep like this (*).
- You may write at any time during the test.
- Answer **all** questions in **English**.
- You must answer the questions in the spaces provided. Do not write outside the box around each page or on blank pages.
- Write neatly and put down all the information you are asked to give.
- Ask any questions now. **You must not ask questions or interrupt during the test.***
- You now have five minutes to read through the question paper. You may make notes during this time. You may open your answer book now.
- **The test starts now.**

Once the recording has started, the Invigilator must not pause it **at any time** as all pauses, including the five minutes reading time, are pre-recorded.

*If candidates ask any questions at this point, the Invigilator should pause the recording until the questions have been answered. The recording should then be restarted.

1 **M1** ਏਅਰ ਇੰਡੀਆ ਦੀ ਦਿੱਲੀ ਜਾਣ ਵਾਲੀ ਫਲਾਈਟ ਗੇਟ ਨੰਬਰ ਸਤਾਰਾਂ ਤੋਂ ਜਾ ਰਹੀ ਹੈ। ਇਹ ਗੇਟ ਤੁਹਾਡੇ ਸੱਜੇ ਪਾਸੇ ਹੈ।

2 **M1** ਪਿੰਕੀ, ਤੁਸੀਂ ਅੱਜ ਸ਼ਾਮ ਨੂੰ ਕੀ ਕਰਨਾ ਹੈ ?
**F1** ਮੈਂ ਆਪਣੀਆਂ ਸਹੇਲੀਆਂ ਨਾਲ ਤਰਨ ਜਾਣਾ ਹੈ। ਬਾਅਦ ਵਿੱਚ ਅਸੀਂ ਬਾਹਰ ਖਾਣਾ ਖਾਣ ਜਾਵਾਂਗੇ।

3 **F1** ਮੇਰਾ ਨਾਂ ਮੀਨਾ ਹੈ । ਕੱਲ੍ਹ ਮੈਂ ਸੁਪਰਮਾਰਕਿਟ ਗਈ ਸੀ। ਮੈਂ ਇੱਕ ਜੁੱਤੀ ਖਰੀਦੀ। ਜੁੱਤੀ ਦੀ ਕੀਮਤ ਪੰਦਰਾਂ ਪੌਂਡ ਸੀ।

4 (a) **F2** ਮੈਂ ਪਾਰਕਫੀਲਡ ਸਕੂਲ ਵਿੱਚ ਪੜ੍ਹਦੀ ਹਾਂ। ਮੈਨੂੰ ਆਪਣਾ ਸਕੂਲ ਬਿਲਕੁਲ ਪਸੰਦ ਨਹੀਂ ਕਿਉਂਕਿ ਇਸ ਦੀ ਬਿਲਡਿੰਗ ਕਾਫੀ ਪੁਰਾਣੀ ਹੈ।

4 (b) **F2** ਸਾਡੇ ਸਕੂਲ ਵਿੱਚ ਬਹੁਤ ਵਿਸ਼ੇ ਪੜ੍ਹਾਏ ਜਾਂਦੇ ਹਨ ਅਤੇ ਮੇਰਾ ਮਨਪਸੰਦ ਵਿਸ਼ਾ ਇਤਿਹਾਸ ਹੈ। ਪਰ ਭੂਗੋਲ ਮੈਨੂੰ ਬਿਲਕੁਲ ਪਸੰਦ ਨਹੀਂ।

4 (c) **F2** ਮੈਂ ਹਿਸਾਬ ਵਿੱਚ ਬਹੁਤ ਹੁਸ਼ਿਆਰ ਹਾਂ। ਮੈਨੂੰ ਆਪਣਾ ਹਿਸਾਬ ਦਾ ਅਧਿਆਪਕ ਬਹੁਤ ਪਸੰਦ ਹੈ ਕਿਉਂਕਿ ਉਸ ਦਾ ਪੜ੍ਹਾਉਣ ਦਾ ਢੰਗ ਬਹੁਤ ਵਧੀਆ ਹੈ।

5 **M2** ਮੈਂ ਆਪਣੇ ਵਿਹਲੇ ਸਮੇਂ ਵਿੱਚ ਦੋਸਤਾਂ ਨਾਲ ਬਾਹਰ ਜਾਣਾ, ਕਿਤਾਬਾਂ ਪੜ੍ਹਨੀਆਂ ਅਤੇ ਗੀਤ ਸੰਗੀਤ ਸੁਣਨਾ ਪਸੰਦ ਕਰਦਾ ਹਾਂ। ਘਰ ਬੈਠ ਕੇ ਟੈਲੀਵਿਜ਼ਨ ਦੇਖਣਾ ਮੈਂ ਪਸੰਦ ਨਹੀਂ ਕਰਦਾ।

6 (a) **M2** ਜਿਸ ਇਲਾਕੇ ਵਿੱਚ ਮੈਂ ਰਹਿੰਦਾ ਹਾਂ ਇਹ ਮੈਨੂੰ ਪਸੰਦ ਹੈ ਕਿਉਂਕਿ ਇਹ ਬਹੁਤ ਸਾਫ ਸੁਥਰਾ ਹੈ। ਸ਼ੌਪਿੰਗ ਕਰਨ ਲਈ ਦੁਕਾਨਾਂ ਹਨ ਅਤੇ ਇੱਕ ਵੱਡੀ ਸੁਪਰਮਾਰਕਿਟ ਵੀ ਹੈ।

6 (b) **M2** ਮੈਂ ਆਪਣੇ ਇਲਾਕੇ ਵਿੱਚ ਰਹਿਣਾ ਪਸੰਦ ਕਰਦਾ ਹਾਂ ਪਰ ਮੈਨੂੰ ਇਸ ਬਾਰੇ ਇੱਕ ਗੱਲ ਚੰਗੀ ਨਹੀਂ ਲਗਦੀ, ਉਹ ਇਹ ਹੈ ਕਿ ਬੱਚਿਆਂ ਦੇ ਖੇਡਣ ਲਈ ਪਾਰਕ ਵਿੱਚ ਕੁਝ ਵੀ ਨਹੀਂ ਹੈ ।

7 **M1** ਹੁਣ ਤੁਸੀਂ ਅੱਜ ਦੇ ਮੌਸਮ ਦਾ ਹਾਲ ਸੁਣੋ। ਅੱਜ ਸਵੇਰੇ ਮੀਂਹ ਪਵੇਗਾ ।
ਦੁਪਹਿਰ ਨੂੰ ਬਹੁਤ ਗਰਮੀ ਹੋਵੇਗੀ।
ਰਾਤ ਵੇਲੇ ਬੱਦਲ ਛਾ ਜਾਣਗੇ।

8 **F1** ਐਤਵਾਰ ਨੂੰ ਮੇਰਾ ਜਨਮ ਦਿਨ ਸੀ। ਹੁਣ ਮੈਂ ਪੰਦਰਾਂ ਸਾਲਾਂ ਦੀ ਹੋ ਗਈ ਹਾਂ।

9 **M1** ਪਿਛਲੇ ਹਫਤੇ ਮੇਰੀ ਸਿਹਤ ਠੀਕ ਨਹੀਂ ਸੀ। ਮੈਨੂੰ ਬਹੁਤ ਤੇਜ਼ ਬੁਖਾਰ ਸੀ। ਮੇਰੇ ਮਾਤਾ ਜੀ ਮੈਨੂੰ ਡਾਕਟਰ ਕੋਲ ਲੈ ਗਏ ਸਨ। ਡਾਕਟਰ ਨੇ ਮੈਨੂੰ ਦਵਾਈ ਦਿੱਤੀ । ਦਵਾਈ ਖਾਣ ਨਾਲ ਮੈਂ ਦੋ ਦਿਨਾਂ ਵਿੱਚ ਹੀ ਠੀਕ ਹੋ ਗਿਆ ਸੀ।

**10 (a)** **M2** ਮੈਂ ਵੱਡਾ ਹੋ ਕੇ ਡਾਕਟਰ ਬਣਨਾ ਚਾਹੁੰਦਾ ਹਾਂ ਕਿਉਂਕਿ ਡਾਕਟਰਾਂ ਨੂੰ ਤਨਖਾਹ ਚੰਗੀ ਮਿਲਦੀ ਹੈ ਪਰ ਰਾਤਾਂ ਨੂੰ ਕੰਮ ਕਰਨਾ ਮੈਨੂੰ ਔਖਾ ਲਗਦਾ ਹੈ ਅਤੇ ਇਸ ਨਾਲ ਸਿਹਤ ਵੀ ਖਰਾਬ ਹੋ ਜਾਂਦੀ ਹੈ।

**10 (b)** **F1** ਮੈਂ ਬੱਚਿਆਂ ਨਾਲ ਕੰਮ ਕਰਨਾ ਪਸੰਦ ਕਰਦੀ ਹਾਂ। ਇਸ ਕਰਕੇ ਮੈਂ ਤਾਂ ਵੱਡੀ ਹੋ ਕੇ ਅਧਿਆਪਕ ਬਣਾਂਗੀ। ਸਕੂਲਾਂ ਵਿੱਚ ਛੁੱਟੀਆਂ ਕਾਫੀ ਹੋ ਜਾਂਦੀਆਂ ਹਨ। ਪਰ ਬੱਚਿਆਂ ਤੋਂ ਕੰਮ ਕਰਵਾਉਣਾ ਬਹੁਤ ਔਖਾ ਹੈ।

**11**

**M2** ਸੀਤਾ ਪਿਛਲੇ ਹਫਤੇ ਤੇਰਾ ਜਨਮ ਦਿਨ ਸੀ, ਤੈਨੂੰ ਕਿਹੜੇ ਕਿਹੜੇ ਤੋਹਫੇ ਮਿਲੇ?

**F2** ਸਾਰਿਆਂ ਨੇ ਮੈਨੂੰ ਮੇਰੀ ਪਸੰਦ ਦੇ ਬਹੁਤ ਸਾਰੇ ਤੋਹਫੇ ਦਿੱਤੇ।

**M2** ਅੱਛਾ! ਮੈਨੂੰ ਦੱਸ ਤੈਨੂੰ ਸਭ ਤੋਂ ਚੰਗਾ ਕੀ ਲੱਗਾ?

**F2** ਮੈਨੂੰ ਮੇਰੇ ਪਿਤਾ ਜੀ ਨੇ ਇੱਕ ਘੜੀ ਲੈ ਕੇ ਦਿੱਤੀ। ਇਹ ਮੈਨੂੰ ਬਹੁਤ ਪਸੰਦ ਹੈ ਅਤੇ ਮੈਂ ਬਹੁਤ ਖੁਸ਼ ਹਾਂ ਕਿਉਂਕਿ ਇਹ ਬਹੁਤ ਸੁਹਣੀ ਹੈ। ਹੁਣ ਮੈਂ ਹਮੇਸ਼ਾ ਸਕੂਲ ਸਮੇਂ ਸਿਰ ਪਹੁੰਚ ਜਾਂਦੀ ਹਾਂ।

**12**

**M1** ਜੀਤੀ, ਕੀ ਤੁਸੀਂ ਇੰਟਰਨੈੱਟ ਤੇ ਚੀਜ਼ਾਂ ਖਰੀਦਦੇ ਹੋ?

**F1** ਹਾਂ ਸੰਦੀਪ, ਅਸੀਂ ਤਾਂ ਜ਼ਿਆਦਾ ਚੀਜ਼ਾਂ ਇੰਟਰਨੈੱਟ ਤੇ ਹੀ ਖਰੀਦਦੇ ਹਾਂ।

**M1** ਤੁਸੀਂ ਮੈਨੂੰ ਇਸ ਦੇ ਫਾਇਦਿਆਂ ਬਾਰੇ ਦੱਸੋ।

**F1** ਇਸ ਦੇ ਇਹ ਫਾਇਦੇ ਹਨ ਕਿ ਤੁਸੀਂ ਘਰ ਬੈਠੇ ਚੀਜ਼ਾਂ ਖਰੀਦ ਸਕਦੇ ਹੋ, ਚੀਜ਼ਾਂ ਸਸਤੀਆਂ ਮਿਲਦੀਆਂ ਹਨ ਅਤੇ ਦਿਨ ਰਾਤ ਜਦੋਂ ਮਰਜ਼ੀ ਚੀਜ਼ਾਂ ਆਰਡਰ ਕਰ ਸਕਦੇ ਹੋ।

**M1** ਪਰ ਮੈਨੂੰ ਤਾਂ ਇਸ ਦੇ ਜ਼ਿਆਦਾ ਨੁਕਸਾਨ ਹੀ ਲਗਦੇ ਹਨ।

**F1** ਉਹ ਕਿਵੇਂ? ਮੈਨੂੰ ਦੱਸ।

**M1** ਮੈਂ ਦੋ ਵਾਰੀ ਚੀਜ਼ਾਂ ਆਰਡਰ ਕੀਤੀਆਂ ਸੀ, ਉਹ ਖਰਾਬ ਨਿਕਲੀਆਂ ਅਤੇ ਬਦਲਣ ਲਈ ਬਹੁਤ ਸਮਾਂ ਖਰਾਬ ਹੋਇਆ। ਇੱਕ ਵਾਰੀ ਗਲਤ ਚੀਜ਼ ਭੇਜ ਦਿੱਤੀ ਅਤੇ ਪੈਸੇ ਵਾਪਸ ਲੈਣ ਨੂੰ ਦੋ ਮਹੀਨੇ ਲੱਗੇ। ਕਰੈਡਿਟ ਕਾਰਡ ਤੋਂ ਪੈਸੇ ਚੋਰੀ ਹੋਣ ਦਾ ਡਰ ਵੀ ਰਹਿੰਦਾ ਹੈ। ਮੈਂ ਤਾਂ ਹੁਣ ਇੰਟਰਨੈੱਟ ਤੇ ਕਦੀ ਵੀ ਚੀਜ਼ਾਂ ਨਹੀਂ ਖਰੀਦਾਂਗਾ।

**13** **F2** ਮੇਰੇ ਮਾਤਾ ਜੀ ਇੱਕ ਦਫਤਰ ਵਿੱਚ ਕੰਮ ਕਰਦੇ ਹਨ। ਮੇਰੇ ਛੋਟੇ ਭਰਾ ਦੀ ਦੇਖ ਭਾਲ ਕਰਨ ਵਾਲਾ ਕੋਈ ਹੋਰ ਨਾ ਹੋਣ ਕਰਕੇ ਹੁਣ ਉਨ੍ਹਾਂ ਨੂੰ ਕੰਮ ਛੱਡਣਾ ਪੈਣਾ ਹੈ। ਉਹ ਸੋਚਦੇ ਹਨ ਕਿ ਕੰਮ ਕਰਨ ਨਾਲੋਂ ਬੱਚਿਆਂ ਦੀ ਦੇਖ ਭਾਲ ਕਰਨੀ ਜ਼ਿਆਦਾ ਜ਼ਰੂਰੀ ਹੈ। ਮੇਰੇ ਮਾਤਾ ਜੀ ਦਾ ਸੁਭਾਅ ਬਹੁਤ ਚੰਗਾ ਹੈ ਅਤੇ ਉਹ ਹਮੇਸ਼ਾ ਖੁਸ਼ ਰਹਿੰਦੇ ਹਨ। ਇਸ ਕਰਕੇ ਸਾਰੇ ਉਨ੍ਹਾਂ ਨਾਲ ਬਹੁਤ ਪਿਆਰ ਕਰਦੇ ਹਨ।

**END OF TEST**

**Blank page**

Copyright © 2011 AQA and its licensors. All rights reserved.